# ਜ਼ੋਨਲ ਫੁੱਟਬਾਲ ਟੂਰਨਾਮੈਂਟ 19 ਜਨਵਰੀ ਤੋਂ ਲੁਧਿਆਣਾ 'ਚ

ਲੁਧਿਆਣਾ, 18 ਜਨਵਰੀ-ਵਿਸ਼ਵ ਦੀ ਦੂਜੀ ਸਭ ਤੋਂ ਵੱਡੀ ਚਾਹ ਕੰਪਨੀ ਟਾਟਾ ਗਲੋਬਲ ਬੇਵਰੇਜਿਸ ਲਿਮਟਿਡ 19 ਅਤੇ 20 ਜਨਵਰੀ 2012 ਨੂੰ ਲੁਧਿਆਣਾ 'ਚ ਆਪਣੇ ਟਾਟਾ ਟੀ ਜਾਗੋ ਰੇ ਇੰਟਰ ਮਿਲਾਨ ਸਾਕਰ ਸਟਾਰਜ਼ 2012 ਦੇ 5ਵੇਂ ਭਾਗ ਤੋਂ ਪਰਦਾ ਉਠਾਇਆ। ਇਸ ਫੁੱਟਬਾਲ ਟੂਰਨਾਮੈਂਟ ਦਾ ਆਯੋਜਨ ਮੋਤੀ ਨਗਰ ਸਟੇਡੀਅਮ, ਸੈਕਟਰ-32, ਲੁਧਿਆਣਾ ਦੇ ਫੁੱਟਬਾਲ ਸਟੇਡੀਅਮ 'ਚ ਕੀਤਾ ਜਾਵੇਗਾ। ਭਾਰਤ 'ਚ ਅੰਡਰ-15 ਫੁੱਟਬਾਲ ਟੈਲੇਂਟ ਖੋਜ ਦੀ ਦੇਣ ਟਾਟਾ ਟੀ ਨੂੰ ਜਾਂਦੀ ਹੈ। ਕੰਪਨੀ ਨਾਮੀ ਫੁਟਬਾਲ ਕਲੱਬ ਐਫਸੀ ਇੰਟਰਨੇਜਿਓਨੇਲ ਮਿਲਾਨੋ (ਇੰਟਰ ਮਿਲਾਨ) ਦੇ ਨਾਲ ਮਿਲ ਕੇ ਇਸ ਦਾ ਆਯੋਜਨ ਕਰ ਰਹੀ ਹੈ। ਲੁਧਿਆਣਾ 'ਚ ਆਯੋਜਤ ਹੋਣ ਵਾਲੇ ਇਸ 2 ਦਿਨਾਂ ਟੂਰਨਾਮੈਂਟ 'ਚ 32 ਸਕੂਲਾਂ ਦੇ 350 ਤੋਂ ਜ਼ਿਆਦਾ ਬੱਚੇ ਭਾਗ ਲੈਣਗੇ। ਇਸ 'ਚ ਜਿੱਤਣ ਵਾਲੀ ਟੀਮ ਸ਼ਿਲਾਂਗ 'ਚ ਹੋਣ ਵਾਲੀ ਰਾਸ਼ਟਰੀ ਚੈਂਪੀਅਨਸ਼ਿਪ ਦੇ ਲਈ ਦੇਸ਼ ਦੇ ਵੱਖ-ਵੱਖ ਖੇਤਰਾਂ ਤੋਂ ਚੁਣੀਆਂ ਗਈਆਂ 14 ਹੋਰ ਟੀਮਾਂ ਦੇ ਨਾਲ ਭਿੜੇਗੀ। ਟੂਰਨਾਮੈਂਟ ਦੇ ਚੀਫ ਸਕਾਊਟ ਸ੍ਰੀ ਜਮਸ਼ਿਦ ਨਾਸਿਰੀ ਇਸ ਪੂਰੇ ਟੂਰਨਾਮੈਂਟ 'ਤੇ ਖਾਸ ਨਜ਼ਰ ਰੱਖ ਰਿਹਾ ਹੈ ਤਾਂ ਕਿ ਇਸ ਖੰਡ 'ਚ 10 ਤੋਂ 15 ਸਾਲ ਦੀ ਉਮਰ ਦੇ ਪ੍ਰਤਿਭਾਵਾਨ ਬੱਚਿਆਂ ਦੀ ਖੋਜ ਹੋ ਸਕੇ। ਲਗਭਗ 15 ਖੇਤਰਾਂ ਦੇ 30 ਅਸਾਧਾਰਨ ਪ੍ਰਤਿਭਾ ਵਾਲੇ ਬੱਚਿਆਂ ਨੂੰ ਇੰਟਰ ਮਿਲਨ ਅਤੇ ਭਾਰਤੀ ਕੋਚਾਂ ਵੱਲੋਂ ਸਿਖਿਆ ਦਿੱਤੀ ਜਾਵੇਗੀ। ਇਸ 'ਚ 16 ਬੱਚਿਆਂ ਨੂੰ ਮਿਲਾਨ ਦੇ ਲਈ ਚੁਣਿਆ ਜਾਵੇਗਾ ਜਿੱਥੇ ਉਹ ਇੰਟਰਨਲ ਯੂਥ ਫ੍ਰੈਂਡਲੀ ਟੂਰਨਾਮੈਂਟ 'ਚ ਭਾਰਤ ਦੀ ਅਗਵਾਈ ਕਰਨਗੇ। ਟਾਟਾ ਗਲੋਬਲ ਬੇਵਰੇਜਿਸ ਦੇ ਰਿਜਨਲ ਪ੍ਰੈਜ਼ੀਡੈਂਟ (ਸਾਊਥ ਏਸ਼ੀਆ) ਸੰਜੀਵ ਸਰੀਨ ਨੇ ਕਿਹਾ ਕਿ ਟਾਟਾ ਟੀ ਸਾਕਰ ਸਟਾਰਜ਼ ਪ੍ਰੋਗਰਾਮ ਦੇ ਸ਼ੁਰੂਆਤ ਤੋਂ ਸ਼ਾਇਦ ਕਈ ਮੋੜ ਆਏ ਹਨ। ਇਸ ਨੂੰ ਪਾਰ ਕਰਦੇ ਹੋਏ ਇਹ ਈਵੈਂਟ ਜ਼ਮੀਨੀ ਪੱਧਰ 'ਤੇ ਦੇਸ਼ ਦਾ ਸਭ ਤੋਂ ਵਪਾਰਕ ਫੁੱਟਬਾਲ ਡਿਵੈਲਪਮੈਂਟ ਪ੍ਰੋਗਰਾਮ ਬਣ ਚੁੱਕਿਆ ਹੈ। ਇਸ ਸਾਲ ਦਾ ਟਾਟਾ ਟੀ ਸਾਕਰ ਸਟਾਰਜ਼ ਪ੍ਰੋਗਰਾਮ ਵਿਸ਼ਵ ਦੇ ਸਫਲ ਫੁੱਟਬਾਲ ਕਲੱਬ ਐਫਸੀ ਇੰਟਰਨੇਜਿਓਨੇਲ ਮਿਲਾਨੋ (ਇੰਟਰ ਮਿਲਾਨ) ਦੇ ਨਾਲ ਇਤਿਹਾਸਕ ਕਰਾਰ ਦੇ ਜ਼ਰੀਏ ਨਵੇਂ ਤਰੀਕੇ ਅਤੇ ਤਜ਼ਰਬੇ ਜੋੜ ਰਿਹਾ ਹੈ।